# 6 ਮਹੀਨਿਆਂ ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ



## ਕੌਣ ਯੋਗ ਹਨ?

6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਬੱਚੇ ਹੁਣ ਮਾਡਰਨਾ ਸਪਾਈਕਵੈਕਸ ਕੋਵਿਡ-19 ਵੈਕਸੀਨ ਲੈਣ ਦੇ ਯੋਗ ਹਨ। ਟੀਕਾਕਰਨ ਸਮੇਂ ਬੱਚਿਆਂ ਦੀ ਉਮਰ ਘੱਟੋ-ਘੱਟ 6 ਮਹੀਨੇ ਹੋਣੀ ਚਾਹੀਦੀ ਹੈ।

## ਸਿਫ਼ਾਰਸ਼ਾਂ

ਮੋਡਰਨਾ ਵੈਕਸੀਨ ਦੀਆਂ 2 ਡੋਜ਼ਾਂ ਦੀ ਇੱਕ ਪ੍ਰਾਇਮਰੀ ਲੜੀ ਦਿੱਤੀ ਜਾਵੇ, ਘੱਟੋ-ਘੱਟ 8 ਹਫ਼ਤਿਆਂ ਦਾ ਵਿਚਕਾਰ ਕਰਦੇ ਹੋਏ




ਉਹਨਾਂ ਬੱਚਿਆਂ ਲਈ ਜੋ ਗੰਭੀਰ ਰੂਪ ਵਿੱਚ ਇਮਿਊਨੋਕੰਪਰੋਮਾਈਜ਼ਡ ਹਨ, ਮੋਡਰਨਾ ਵੈਕਸੀਨ ਦੀਆਂ 3 ਡੋਜ਼ਾਂ ਦੀ ਇੱਕ ਪ੍ਰਾਇਮਰੀ ਲੜੀ ਦਿੱਤੀ ਜਾਂਦੀ ਹੈ, ਹਰੇਕ ਡੋਜ਼ ਵਿਚ 4 ਤੋਂ 8 ਹਫ਼ਤਿਆਂ ਦਾ ਵਿਚਕਾਰ ਕਰਦੇ ਹੋਏ




ਉਹਨਾਂ ਬੱਚਿਆਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਕੋਵਿਡ-19 ਦੀ ਲਾਗ ਕੁਝ ਸਮੇਂ ਪਹਿਲਾਂ ਸੀ:

- ਪ੍ਰਾਇਮਰੀ ਲੜੀ ਸ਼ੁਰੂ ਕਰਨ ਜਾਂ ਜਾਰੀ ਰੱਖਣ ਤੋਂ ਪਹਿਲਾਂ ਕੋਵਿਡ-19 ਦੇ ਲੱਛਣਾਂ ਦੇ ਸ਼ੁਰੂ ਹੋਣ ਜਾਂ ਇੱਕ ਸਕਾਰਾਤਮਕ ਕੋਵਿਡ-19 ਟੈਸਟ ਤੋਂ ਬਾਅਦ 8 ਹਫ਼ਤੇ ਉਡੀਕ ਕਰੋ।
- ਪ੍ਰਾਇਮਰੀ ਲੜੀ ਇਮਿਊਨੋ-ਕੰਪਰੋਮਾਈਜ਼ਡ ਬੱਚਿਆਂ ਲਈ 4 ਹਫ਼ਤਿਆਂ ਬਾਅਦ ਸ਼ੁਰੂ ਜਾਂ ਜਾਰੀ ਰੱਖ ਸਕਦੇ ਹੋ।




ਮਲਟੀਸਿਸਟਮ ਇਨਫਲੇਮੇਟਰੀ ਸਿੰਡਰੋਮ (MIS-C) ਦੇ ਇਤਿਹਾਸ ਵਾਲੇ ਬੱਚਿਆਂ ਲਈ, ਇਮਿਊਨੋਕੰਪਰੋਮਾਈਜ਼ਡ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਉਹ ਵੈਕਸੀਨ ਪ੍ਰਾਪਤ ਕਰ ਸਕਦੇ ਹਨ ਜਦੋਂ ਕਲੀਨਿਕਲ ਰਿਕਵਰੀ ਪ੍ਰਾਪਤ ਕੀਤੀ ਜਾਂਦੀ ਹੈ ਜਾਂ MIS-C ਦੀ ਸ਼ੁਰੂਆਤ ਤੋਂ ≥90 ਦਿਨ ਹੋਵਣ, ਜੋ ਵੀ ਲੰਬਾ ਹੋਵੇ।

**ਸਰੋਤ:** Toronto Public Health

CASSA COUNCIL OF AGENCIES SERVING SOUTH ASIANS

SOUTH ASIAN VACCINE ENGAGEMENT COLLABORATIVE